Punjabi | ਪੰਜਾਬੀ

SES
NSW STATE EMERGENCY SERVICE

# ਹੜ੍ਹ ਲਈ ਤਿਆਰੀ ਕਰੋ

## ਚੇਤਾਵਨੀਆਂ ਨੂੰ ਜਾਣੋ

**NSW SES** ਅਤੇ **ਮੌਸਮ ਵਿਗਿਆਨ ਬਿਊਰੋ** ਵੱਲੋਂ ਜਾਰੀ ਹੜ੍ਹ ਅਤੇ ਮੌਸਮ ਦੀਆਂ ਚੇਤਾਵਨੀਆਂ ਨੂੰ ਵੇਖੋ ਅਤੇ ਸੁਣੋ।

ਹੜ੍ਹਾਂ ਦੇ ਕੁਦਰਤੀ ਸੰਕੇਤਾਂ 'ਤੇ ਨਜ਼ਰ ਰੱਖੋ, ਜਿਸ ਵਿੱਚ ਭਾਰੀ ਬਾਰਸ਼, ਤੇਜ਼ ਵਹਾਅ ਵਾਲਾ ਪਾਣੀ ਜਾਂ ਪਾਣੀ ਇਕੱਠਾ ਹੋਣਾ ਸ਼ਾਮਲ ਹੈ।





ਜਲਦੀ ਕਾਰਵਾਈ ਕਰੋ। ਹੋ ਸਕਦਾ ਹੈ ਕਿ ਤੁਹਾਨੂੰ **NSW SES** ਤੋਂ ਕੋਈ ਚੇਤਾਵਨੀ ਨਾ ਮਿਲੇ।

**NSW SES** ਇਕ **ਸਲਾਹ, ਚੌਕਸੀ ਅਤੇ ਕਾਰਵਾਈ ਕਰਨ** ਜਾਂ **ਐਮਰਜੈਂਸੀ ਵਾਲੀ ਚੇਤਾਵਨੀ ਜਾਰੀ ਕਰੇਗੀ**। ਚੇਤਾਵਨੀ ਦਾ ਪੱਧਰ ਹੜ੍ਹ ਦੇ ਪ੍ਰਭਾਵ ਅਤੇ ਸੰਭਾਵੀ ਨਤੀਜਿਆਂ 'ਤੇ ਨਿਰਭਰ ਕਰਦਾ ਹੈ।

## ਆਪਣੀ ਐਮਰਜੈਂਸੀ ਯੋਜਨਾ ਦੀ ਪਾਲਣਾ ਕਰੋ

ਆਪਣੇ ਘਰ, ਕਾਰੋਬਾਰ ਅਤੇ ਜਾਇਦਾਦ ਲਈ ਐਮਰਜੈਂਸੀ ਯੋਜਨਾਵਾਂ ਦੀ ਪਾਲਣਾ ਕਰੋ। ਤੁਹਾਡੀ ਦੇਖਭਾਲ ਵਿਚਲੇ ਸਾਰੇ ਲੋਕਾਂ ਅਤੇ ਜਾਨਵਰਾਂ ਲਈ ਆਪਣੀ ਯੋਜਨਾ ਦੀ ਪਾਲਣਾ ਕਰੋ।

ਜੇਕਰ ਤੁਹਾਨੂੰ ਛੱਡ ਕੇ ਜਾਣ ਦੀ ਲੋੜ ਹੈ ਤਾਂ ਆਪਣੀ ਐਮਰਜੈਂਸੀ ਕਿੱਟ ਤਿਆਰ ਕਰੋ।



ਜਾਨ-ਲੇਵਾ ਸਥਿਤੀਆਂ ਵਿੱਚ **ਟ੍ਰਿਪਲ ਜ਼ੀਰੋ (000) ਨੂੰ ਫ਼ੋਨ ਕਰੋ**

ਹੜ੍ਹ, ਤੂਫ਼ਾਨ ਅਤੇ ਸੁਨਾਮੀ ਲਈ ਐਮਰਜੈਂਸੀ ਵਿੱਚ ਸਹਾਇਤਾ ਵਾਸਤੇ **NSW SES** ਨੂੰ **132 500** 'ਤੇ ਫ਼ੋਨ ਕਰੋ।

**www.ses.nsw.gov.au/languages**

@NSWSES NSWSES NSWSES

# ਹੜ੍ਹ ਲਈ ਤਿਆਰੀ ਕਰੋ

## ਛੱਡ ਕੇ ਜਾਣ ਦੀ ਤਿਆਰੀ ਕਰੋ

**ਲਾਈਵ ਟ੍ਰੈਫਿਕ** ਐਪ ਦੀ ਵਰਤੋਂ ਕਰਕੇ ਨਿਕਲਣ ਲਈ ਸੁਰੱਖਿਅਤ ਰਸਤਾ ਲੱਭੋ।

ਆਪਣੀਆਂ 'ਆਖਰੀ-ਵਕਤ 'ਤੇ ਪਾਉਣ ਵਾਲੀਆਂ ਚੀਜ਼ਾਂ' ਨੂੰ ਆਪਣੀ ਐਮਰਜੈਂਸੀ ਕਿੱਟ ਵਿੱਚ ਪਾਓ, ਉਦਾਹਰਨ ਲਈ:

- ਲੋੜੀਂਦੀਆਂ ਦਵਾਈਆਂ ਦੀ ਕਾਫ਼ੀ ਮਾਤਰਾ।
- ਬੱਚਿਆਂ, ਅਪਾਹਜ ਲੋਕਾਂ, ਬਿਮਾਰ ਅਤੇ ਬਜ਼ੁਰਗ ਲੋਕਾਂ ਲਈ ਕੋਈ ਖ਼ਾਸ ਲੋੜਾਂ ਅਤੇ ਚੀਜ਼ਾਂ।
- ਢੁਕਵੇਂ ਕੱਪੜੇ ਅਤੇ ਜੁੱਤੀਆਂ।
- ਤਾਜ਼ਾ ਭੋਜਨ ਅਤੇ ਪੀਣ ਵਾਲਾ ਪਾਣੀ।







## ਤੁਹਾਡੇ ਛੱਡ ਕੇ ਜਾਣ ਤੋਂ ਪਹਿਲਾਂ

ਜਾਣ ਤੋਂ ਪਹਿਲਾਂ ਗੈਸ, ਬਿਜਲੀ ਅਤੇ ਪਾਣੀ ਨੂੰ ਬੰਦ ਕਰ ਦਿਓ।

ਆਪਣੀ ਐਮਰਜੈਂਸੀ ਕਿੱਟ ਨਾਲ ਲੈ ਲਵੋ।



ਜਾਨ-ਲੇਵਾ ਸਥਿਤੀਆਂ ਵਿੱਚ **ਟ੍ਰਿਪਲ ਜ਼ੀਰੋ (000) ਨੂੰ ਫ਼ੋਨ ਕਰੋ**

ਹੜ੍ਹ, ਤੂਫ਼ਾਨ ਅਤੇ ਸੁਨਾਮੀ ਲਈ ਐਮਰਜੈਂਸੀ ਵਿੱਚ ਸਹਾਇਤਾ ਵਾਸਤੇ **NSW SES** ਨੂੰ **132 500** 'ਤੇ ਫ਼ੋਨ ਕਰੋ।

**www.ses.nsw.gov.au/languages**

@NSWSES NSWSES NSWSES